ਵੱਲ

Principal,
ST. Soldier Divine Public School, PACL road,
Naya Nangal, Distt. Ropar(PB).

ਮਿਤੀ 378 ਨੰਬਰ 03-05-2024

ਵਿਸ਼ਾ:- **ਸਕੂਲ ਨੂੰ 2024-25 ਦਾ ਬਿਲਡਿੰਗ ਸੁਰੱਖਿਆ ਸਰਟੀਫਿਕੇਟ ਜਾਰੀ ਕਰਨ ਸਬੰਧੀ।**

ਹਵਾਲਾ:- **ਆਪ ਦਾ ਪੱਤਰ ਨੰਬਰ SSDPS/NN/2188 ਮਿਤੀ 24-04-2024 ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਇਮਾਰਤ ਦਾ ਨਿਰੀਖਣ, ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਮਿਤੀ 27/04/2024 ਨੂੰ ਕੀਤਾ ਗਿਆ ਅਤੇ ਇਸ ਇਮਾਰਤ ਨੂੰ ਸਾਲ 2024-25 ਵਾਸਤੇ ਇਮਾਰਤ ਸੁਰੱਖਿਆ ਸਰਟੀਫਿਕੇਟ (Building Safety Certificate) ਜਾਰੀ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਜੂਨੀਅਰ ਇੰਜੀਨੀਅਰ ਦੀ ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਇਸ ਵਿਸ਼ੇ ਸਬੰਧੀ **ST. SOLDIER DIVINE PUBLIC SCHOOL, PACL ROAD, NAYA NANGAL, DISTT. ROPAR (PB)** ਨੂੰ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਸਾਲ 2024-25 (31-03-2025 ਤੱਕ) ਦਾ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ : -

1) ਇਸ ਸਕੂਲ ਦੀ ਇਮਾਰਤ ਦੀ ਮੁਰੰਮਤ ਹਰ ਸਾਲ ਕਰਵਾਈ ਜਾਵੇ।
2) ਇਸ ਸਕੂਲ ਦੀ ਇਮਾਰਤ ਦੀਆਂ ਛੱਤਾਂ ਉੱਤੇ ਅਤੇ ਆਲੇ ਦੁਆਲੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ।
3) ਜੇਕਰ ਇਮਾਰਤ ਦੀ ਕਿਸੇ ਜਗ੍ਹਾ ਤੇ ਤਰੇੜ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਤੁਰੰਤ ਖਾਲੀ ਕਰਵਾ ਦਿੱਤਾ ਜਾਵੇ ਅਤੇ ਜਲਦੀ ਉਸ ਜਗ੍ਹਾ ਦੀ ਮੁਰੰਮਤ ਕਰਵਾਈ ਜਾਵੇ।
4) ਇਮਾਰਤ ਦੀ ਹਰ ਪੱਖੋਂ ਸੁਰੱਖਿਆ ਦੀ ਸਾਰੀ ਜਿੰਮੇਵਾਰੀ ਆਪ ਦੀ ਸੰਸਥਾ ਦੀ ਹੋਵੇਗੀ। ਅੱਗ ਬੁਝਾਉ ਯੰਤਰ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ।
5) ਇਸ ਸਕੂਲ ਦੀ ਇਮਾਰਤ ਵਿੱਚ ਕਿਸੇ ਕਿਸਮ ਦਾ ਵਾਧਾ ਕਰਨਾ ਹੋਏ ਤਾਂ ਇਸ ਨੂੰ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਦੀ ਦੇਖ ਰੇਖ ਵਿੱਚ ਕਰਵਾਈ ਜਾਵੇ ਅਤੇ ਉਸ ਇੰਜੀਨੀਅਰ ਤੋਂ ਸਰਟੀਫਿਕੇਟ ਲਿਆ ਜਾਵੇ ਕਿ ਇਸ ਅਡੀਸ਼ਨਲ/ਆਲਟਰੇਸ਼ਨ, ਮੋਟੀਫਿਕੇਸ਼ਨ ਕਰਨ ਨਾਲ ਬਿਲਡਿੰਗ ਸਟਰਕਚਰਲੀ ਸੇਫ ਰਹੇਗੀ ਅਤੇ ਇਹ ਕੰਮ ਕਰਨ ਤੋਂ ਬਾਅਦ ਸਕੂਲ ਵੱਲੋਂ ਦੁਬਾਰਾ ਸਕੂਲ ਇਮਾਰਤ ਸੁਰੱਖਿਆ ਸਰਟੀਫਿਕੇਟ ਲਿਆ ਜਾਵੇਗਾ।
6) ਇਸ ਸਕੂਲ ਦੀ ਇਮਾਰਤ ਦੀ ਬਾਹਰੀ ਦਿੱਖ ਤੋਂ ਅੰਦਰੂਨੀ ਸਟਰਕਚਰਲ ਸਟੈਬਿਲਟੀ ਚੈੱਕ ਨਹੀਂ ਕੀਤੀ ਜਾ ਸਕਦੀ। ਇਸ ਲਈ ਜੇਕਰ ਕਿਸੇ ਵੀ ਸਮੇਂ ਇਮਾਰਤ ਦੇ ਸਟਰਕਚਰਲ ਡਿਜਾਇਨ ਵਿੱਚ ਕਮੀ ਕਾਰਨ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਸਕੂਲ ਸੰਸਥਾ ਖੁਦ ਜਿੰਮੇਵਾਰ ਹੋਵੇਗੀ।
7) ਜੇਕਰ ਇਮਾਰਤ ਨੂੰ ਹੜ੍ਹ ਨਾਲ ਨੁਕਸਾਨ ਹੁੰਦਾ ਹੈ ਅਤੇ ਦੀਵਾਰਾਂ/ਨੀਹਾਂ ਵਿੱਚ ਕਿਸੇ ਤਰ੍ਹਾ ਦੀ ਸੈਟਲਮੈਂਟ ਅਤੇ ਛੱਤਾਂ ਵਿੱਚ ਸੈਗਿੰਗ ਆਉਂਦੀ ਹੈ ਤਾਂ ਸਕੂਲ ਸੰਸਥਾਂ ਤੁਰੰਤ ਇਸ ਨਿਮਨਹਸਤਾਖਰ ਦੇ ਧਿਆਨ ਵਿੱਚ ਲਿਆਵੇਗੀ।

ਨੱਥੀ/X

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ (ਭ ਤੇ ਮ) ਸ਼ਾਖਾ,
ਸ੍ਰੀ ਅਨੰਦਪੁਰ ਸਾਹਿਬ।